ਡਾਇਰੈਕਟਰ ਜਨਰਲ ਸਕੂਲ ਸਿਖਿਆ
ਪੰਜਾਬ ਆਈ.ਸੀ.ਟੀ ਸਿਖਿਆ ਸੋਸਾਇਟੀ
ਐਸ ਸੀ ਓ-104-106, ਸੈਕਟਰ- 34 ਅ, ਚਡੀਗੜ੍ਹ
ਫੋਨ ਨੰ: 2623207, 2621106,2624673,
ਫੈਕਸ ਨੰ: 2624687, 2323206

ਵੱਲ

ਸਾਰੇ ਜਿਲਾ ਸਿੱਖਿਆ ਅਫਸਰ, (ਸੈ.ਸਿ)
ਪੰਜਾਬ ।

ਮੀਮੋ ਨੰ: 2/1-ICT-2009/DIET/30670-689
ਮਿਤੀ : 25 ਮਾਰਚ, 10

**ਵਿਸ਼ਾ: ਕੱਲਸਟਰ ਪੱਧਰ ਤੇ ਕੰਪਿਊਟਰ ਦੀ ਟ੍ਰੇਨਿੰਗ ਸੰਬੰਧੀ ।**

1. ਉਪਰੋਕਤ ਵਿਸ਼ੇ ਤੇ ਧਿਆਨ ਦੇਵੋ ਜੀ ।

2. ਇਹ ਫੈਸਲਾ ਲਿਆ ਗਿਆ ਹੈ ਕਿ ਸਮੂਹ ਪੰਜਾਬ ਦੇ ਪ੍ਰਾਇਮਰੀ ਕੱਲਸਟਰ ਸਕੂਲਾਂ ਦੇ ਦੋ-ਦੋ ਅਧਿਆਪਕਾਂ ਨੂੰ ਦੋ ਰੋਜ਼ਾ ਕੰਪਿਊਟਰ ਟ੍ਰੇਨਿੰਗ (ਮਿਤੀ 05-04-10 ਅਤੇ 06-04-10) ਬਲਾਕ ਦੇ ਕਿਸੇ ਇੱਕ ਸਰਕਾਰੀ ਸੈਕੰਡਰੀ / ਹਾਈ ਸਕੂਲ ਵਿੱਚ ਕਰਵਾਈ ਜਾਵੇਗੀ । ਟ੍ਰੇਨਿੰਗ ਦਾ ਸਮਾਂ 9:00 ਵਜੇ ਤੋਂ 3:20 ਤੱਕ ਦਾ ਹੋਵੇਗਾ । ਇਹ ਟੇਨਿੰਗ ਸੰਬੰਧਤ ਸਰਕਾਰੀ ਸੈਕੰਡਰੀ / ਹਾਈ ਸਕੂਲ ਦੇ ਮੁੱਖੀ ਦੀ ਦੇਖ ਰੇਖ ਹੇਠ ਕਰਵਾਈ ਜਾਵੇਗੀ । ਟ੍ਰੇਨਿੰਗ ਦੌਰਾਨ ਬਿਜਲੀ ਨਾ ਹੋਣ ਦੀ ਸੂਰਤ ਵਿੱਚ ਜਨਰੇਟਰ ਦਾ ਪ੍ਰਬੰਧ ਸਕੂਲ ਮੁੱਖੀ ਵੱਲੋਂ ਕੀਤਾ ਜਾਵੇਗਾ। ਜਿਸ ਤੇ ਆਉਣ ਵਾਲਾ ਖਰਚਾ ਮੈਨੈਜਮੈਂਟ ਕੋਸਟ ਵਿੱਚੋ ਕੀਤਾ ਜਾਵੇਗਾ ।

3. ਹਰੇਕ ਟ੍ਰੇਨਿੰਗ ਸੈਂਟਰ ਵਿੱਚ ਲਗਭਗ 20-25 ਅਧਿਆਪਕ ਟ੍ਰੇਨਿੰਗ ਲੈਣਗੇ ਅਤੇ ਉਨ੍ਹਾਂ ਨੂੰ ਟ੍ਰੇਨਿੰਗ ਦੇਣ ਲਈ ਦੋ ਕੰਪਿਊਟਰ ਅਧਿਆਪਕ ਨਿਯੁਕਤ ਕੀਤੇ ਜਾਣਗੇ ।

4. ਟ੍ਰੇਨਿੰਗ ਦਾ ਸਥਾਨ ਹਰ ਬਲਾਕ ਦਾ ਇੱਕ ਸਰਕਾਰੀ ਸੀਨੀਅਰ ਸੈਕੰਡਰੀ / ਹਾਈ ਸਕੂਲ ਹੋਣਗੇ।

5. ਟ੍ਰੇਨਿੰਗ ਦਾ ਵਿਸ਼ਾ :- ਵਿਸ਼ੇਸ਼ ਤੌਂਰ ਤੇ ਈ.ਮੇਲ ਭੇਜਣਾਂ, ਪ੍ਰਾਪਤ ਕਰਨਾ, ਪ੍ਰਿੰਟ ਆਊੱਟ ਲੈਣਾ, ਵੈਬਸਾਇਟ ਦੇਖਣਾ, ਇੰਟਰਨੈੱਟ ਵਰਤਣਾ, ਡਾਟਾ ਐਂਟਰੀ ਕਰਨਾ ਅਤੇ ਸੇਵ ਕਰਨਾ ਆਦਿ ਬਾਰੇ ਹੋਵੇਗਾ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**